# ਨਮੂਨੇ ਦਾ ਪ੍ਰਸ਼ਨ ਪੱਤਰ 2020-21

## ਪੰਜਾਬੀ

**004**

## ਦਸਵੀਂ (X)

*Time allowed : 3 hours* — *Maximum Marks : 80*

*ਸਮਾਂ ੩ ਘੰਟੇ* — *ਅੰਕ 80*

## ਆਮ ਨਿਰਦੇਸ਼

*ਹੇਠ ਲਿਖੇ ਨਿਰਦੇਸ਼ਾਂ ਨੂੰ ਬਹੁਤ ਸਾਵਧਾਨੀ ਨਾਲ ਪੜ੍ਹੋ ਅਤੇ ਉਹਨਾਂ ਦਾ ਪਾਲਣ ਕਰੋ —*

* ਇਸ ਪ੍ਰਸ਼ਨ ਪੱਤਰ ਵਿੱਚ **ਦੋ ਭਾਗ** ਹਨ — ਭਾਗ **'ੳ'** ਅਤੇ ਭਾਗ **'ਅ'**
* ਭਾਗ **ੳ** ਵਿੱਚ (**ਅਬਜੈਕਟਿਵ**) **ਬਹੁਵਿਕਲਪੀ ਪ੍ਰਸ਼ਨ** ਪੁੱਛੇ ਗਏ ਹਨ।
* ਭਾਗ **ਅ** ਵਿੱਚ **ਵਰਨਣਾਤਮਕ ਪ੍ਰਸ਼ਨ** ਪੁੱਛੇ ਗਏ ਹਨ।

www.FirstRanker.com

| | | |
|---|---|---|
| | **ਭਾਗ - ੳ** | |
| | **ਬਹੁਵਿਕਲਪੀ ਪ੍ਰਸ਼ਨ (ਅਬਜੈਕਟਿਵ)** | |
| **ਪ੍ਰਸ਼ਨ-ਕ੍ਰਮ** | | **ਅੰਕ** |

**1.** ਹੇਠ ਦਿੱਤੇ **ਕਿਸੇ ਇੱਕ** ਅਣਡਿੱਠੇ ਪੈਰੇ ਨੂੰ ਪੜ੍ਹੋ ਅਤੇ ਉਹਨਾਂ ਹੇਠ ਦਿੱਤੇ ਪ੍ਰਸ਼ਨਾਂ ਦੇ ਬਹੁਵਿਕਲਪੀ ਉੱਤਰਾਂ ਵਿੱਚੋਂ ਸਹੀ ਉੱਤਰ ਲਿਖੋ — 1x5=5

ਇੱਕ ਵਿਦਿਆਰਥੀ, ਇਮਤਿਹਾਨ ਦੇਣ ਜਾਂਦਾ ਹੈ। ਹਿਸਾਬ ਦਾ ਪਰਚਾ ਹੈ, ਪਹਿਲਾ ਹੀ ਸਵਾਲ ਗਲਤ ਨਿਕਲ ਆਉਂਦਾ ਹੈ, ਹੁਣ ਜਿਉਂ-ਜਿਉਂ ਉਹ ਇਸੇ ਸਵਾਲ ਨੂੰ ਠੀਕ ਕੱਢਣ ਦੇ ਯਤਨ ਕਰਦਾ ਹੈ, ਤਿਉਂ ਤਿਉਂ ਉਲਝਣਾਂ ਪੈਂਦੀਆਂ ਜਾਂਦੀਆਂ ਹਨ। ਇਸ ਸਵਾਲ ਨੂੰ ਠੀਕ ਹੱਲ ਕਰਨਾ, ਸੁਚੇਤ ਮਨ ਦੇ ਵੱਸ ਤੋਂ ਬਾਹਰ ਦੀ ਗੱਲ ਹੋ ਜਾਂਦੀ ਹੈ। ਅੱਕ ਕੇ ਉਹ ਇਸ ਸਵਾਲ ਨੂੰ ਛੱਡ ਕੇ, ਬਾਕੀ ਦਾ ਪਰਚਾ ਕਰਦਾ ਹੈ, ਅਖੀਰ 'ਤੇ ਫਿਰ ਪਹਿਲੇ ਸਵਾਲ ਨੂੰ ਹੀ ਹੱਲ ਕਰਨ ਦਾ ਯਤਨ ਕਰਦਾ ਹੈ ਤੇ ਹੈਰਾਨੀ ਦੀ ਗੱਲ ਹੁੰਦੀ ਹੈ ਕਿ ਉਹ ਸਵਾਲ ਠੀਕ ਨਿਕਲ ਆਉਂਦਾ ਹੈ। ਵਿਦਿਆਰਥੀ ਨੂੰ ਉਸ ਉਲਝਣ ਵਿਚੋਂ ਕਿਸ ਨੇ ਕੱਢਿਆ? ਮਨ ਦੀ ਅਚੇਤ ਅਵੱਸਥਾ ਨੇ, ਕਿਉਂਕਿ ਸੁਚੇਤ ਮਨ ਤਾਂ ਬਾਕੀ ਪਰਚਾ ਕਰਨ ਵਿਚ ਰੁੱਝਾ ਹੋਇਆ ਸੀ, ਇਤਨੇ ਸਮੇਂ ਵਿਚ ਅਚੇਤ ਮਨ ਨੂੰ ਮੌਕਾ ਮਿਲ ਗਿਆ ਕਿ ਸੁਚੇਤ ਮਨ ਨੂੰ ਰਾਹ ਦੱਸ ਸਕੇ। ਰਾਤ ਨੂੰ ਸੌਣ ਵੇਲੇ ਇਕ ਵਿਦਿਆਰਥੀ ਆਪਣੇ ਆਪ ਨੂੰ ਇਹ ਆਖਦਾ ਹੈ ਕਿ ਸਵੇਰੇ ਚਾਰ ਵਜੇ ਜਗਾ ਦੇਣਾ। ਇਹ ਗੱਲ ਆਖਣ ਵਾਲਾ ਸੁਚੇਤ ਮਨ ਹੈ ਜੋ ਥੱਕੇ ਹੋਏ ਸ਼ਰੀਰ ਦੇ ਨਾਲ ਹੀ ਨੀਂਦ ਵਿਚ ਚਲਾ ਜਾਂਦਾ ਹੈ, ਪਰ ਪੂਰੇ ਚਾਰ ਵਜੇ ਉਸ ਨੂੰ ਜਾਗ ਆ ਜਾਂਦੀ ਹੈ, ਕਿਸ ਨੇ ਜਗਾਇਆ? ਅਚੇਤ ਮਨ ਨੇ, ਜੋ ਸੁਚੇਤ ਮਨ ਦੇ ਆਰਾਮ ਕਰਨ ਤੇ ਪਹਿਰੇ 'ਤੇ ਆ ਖਲੋਂਦਾ ਹੈ। ਜੀਵਨ ਦੇ ਅਜਿਹੇ ਕਈ ਹੋਰ ਰੋਜ਼ਾਨਾ ਤਰਜ਼ਰਬੇ ਸਾਨੂੰ ਇਹ ਯਕੀਨ ਦੁਆਉਂਦੇ ਹਨ ਕਿ ਸਾਡੇ ਰੋਜ਼ਾਨਾ ਜੀਵਨ ਵਿਚ ਨਿਰਾ ਸੁਚੇਤ ਮਨ ਹੀ ਨਹੀਂ ਦੌੜਦਾ-ਭੱਜਦਾ, ਮਨ ਦੀ ਅਚੇਤ ਅਵਸਥਾ ਨਾਲ ਵੀ ਸਾਨੂੰ ਰੋਜ਼ ਹੀ ਵਾਹ ਪੈਂਦਾ ਹੈ।

**(i)** **ਮਨੁੱਖੀ ਮਨ ਦੇ ਕਿਹੜੇ ਦੋ ਭਾਗ ਹਨ?** 1

(ੳ) ਅਚੇਤ ਅਤੇ ਸੁਚੇਤ (ਅ) ਚਤੁਰ ਤੇ ਮੂਰਖ

(ੲ) ਕ੍ਰੋਧ ਤੇ ਮੋਹ (ਸ) ਰੋਣਾ ਤੇ ਹਾਸਾ

**(ii)** **ਮਨੁੱਖ ਆਪਣੇ ਨਿਤ ਦੇ ਕੰਮ ਕਰਨ ਲਈ ਕਿਹੜੇ ਮਨ ਤੋਂ ਕੰਮ ਲੈਂਦਾ ਹੈ?** 1

(ੳ) ਅਚੇਤ ਤੋਂ (ਅ) ਅਵਚੇਤਨ ਤੋਂ

(ੲ) ਸੁਚੇਤ ਤੋਂ (ਸ) ਸਮੂਹਿਕ ਅਵਚੇਤਨ ਤੋਂ

**(iii)** **ਸੁਚੇਤ ਮਨ ਦੇ ਨਾਲ ਨਾਲ ਕਿਹੜੇ ਕਿਹੜੇ ਮਨ ਦੀ ਅਵੱਸਥਾ ਵੀ ਕੰਮ ਕਰਦੀ ਹੈ?** 1

(ੳ) ਅਰਧ ਅਵਚੇਤਨ ਦੀ (ਅ) ਅਚੇਤ ਅਵਸਥਾ ਦੀ

(ੲ) ਸਮੂਹਿਕ ਚੇਤਨਾ ਦੀ (ਸ) ਚੇਤਨ ਅਤੇ ਅਰਧ ਅਵਚੇਤਨ ਦੀ

(iv) **ਸੁਚੇਤ ਮਨ ਦੇ ਆਰਾਮ ਕਰਨ 'ਤੇ ਕਿਹੜਾ ਮਨ ਉਸ ਦੇ ਪਹਿਰੇ 'ਤੇ ਆ ਖੜ੍ਹਾ ਹੁੰਦਾ ਹੈ?** 1

(ੳ) ਅਰਧ ਅਵਚੇਤਨ (ਅ) ਅਚੇਤ ਮਨ

(ੲ) ਅਰਧ ਅਤੇ ਸਮੂਹਿਕ ਚੇਤਨ (ਸ) ਸਮੂਹਿਕ ਚੇਤਨ

(v) **ਇਸ ਪੈਰੇ ਦਾ ਸਹੀ ਸਿਰਲੇਖ ਕੀ ਹੈ?** 1

(ੳ) ਸੁਚੇਤ ਮਨ (ਅ) ਅਚੇਤ ਮਨ

(ੲ) ਸੁਚੇਤ ਤੇ ਅਚੇਤ ਮਨ (ਸ) ਰੋਜ਼ਾਨਾ ਤਜ਼ਰਬੇ

**ਜਾਂ**

ਸਿਰਫ਼ ਉਹੀ ਦੇਸ ਅਮੀਰ ਤੇ ਮਾਲੋਮਾਲ ਹੋ ਸਕਦੇ ਹਨ ਜਿਨ੍ਹਾਂ ਦੇ ਲੋਕ ਆਪਣੇ ਆਪ ਲਈ ਕੁਝ ਨਵਾਂ ਸੋਚ ਸਕਦੇ ਹਨ। ਉਹੀ ਕੰਮ ਕਰਦੇ ਜਾਣਾ ਜੋ ਅੱਗੇ ਕਿਸੇ ਨੇ ਕਰ ਲਿਆ, ਰੁਕੇ ਵਿਕਾਸ ਦੀ ਨਿਸ਼ਾਨੀ ਹੈ। ਹੋਣਹਾਰ ਮਨੁੱਖ ਇਹੀ ਸੋਚਦਾ ਹੈ ਕਿ ਹੱਥਲਾ ਕੰਮ ਪਿਛਲੇ ਕੀਤੇ ਕੰਮ ਨਾਲੋਂ ਚੰਗੇਰਾ ਹੋਵੇ। ਜਿਸ ਕੌਮ ਦਾ ਇਹ ਖਿਆਲ ਹੋ ਜਾਵੇ ਕਿ ਪੰਜ ਸੌ ਜਾਂ ਹਜ਼ਾਰ ਸਾਲ ਪਹਿਲਾਂ ਵਾਲਾ ਜੀਵਨ ਚੰਗਾ ਸੀ ਇਸੇ ਲਈ ਉਸੇ ਨੂੰ ਹੀ ਨਿਸ਼ਾਨਾ ਰੱਖਿਆ ਜਾਏ, ਉਸ ਕੌਮ ਨੂੰ ਜ਼ਿੰਦਗੀ ਦੀਆਂ ਪਿਛਲੀਆਂ ਕਤਾਰਾਂ ਵਿਚ ਖਲੋਣਾ ਪੈਂਦਾ ਹੈ। ਨਸਲਾਂ ਦੀ ਮਾਨਸਿਕ ਅਵੱਸਥਾ ਉੱਤੇ ਹੀ ਉਨ੍ਹਾਂ ਦੀ ਖੁਸ਼ਹਾਲੀ ਤੇ ਸਾਰਥਕਤਾ ਨਿਰਭਰ ਕਰਦੀ ਹੈ। ਜਦੋਂ ਕਿਸੇ ਨਸਲ ਦੇ ਲੋਕ ਲਕੀਰ ਦੇ ਫ਼ਕੀਰ ਹੋ ਜਾਂਦੇ ਹਨ, ਹਮੇਸ਼ਾਂ ਕਿਸੇ ਦੇ ਪਾਏ ਪੂਰਨਿਆਂ ਉੱਤੇ ਹੀ ਚਲਦੇ ਹਨ, ਆਪੀਂ ਕੋਈ ਪੂਰਨਾ ਪਾਉਣ ਦੀ ਦਲੇਰੀ ਨਹੀਂ ਰੱਖਦੇ, ਪਿਛਲੱਗ ਅਖਵਾਉਣ ਵਿਚ ਹੀ ਫ਼ਖ਼ਰ ਸਮਝਦੇ ਹਨ ਤੇ ਮੋਹਰੀ ਹੋਣੋ ਘਬਰਾਉਂਦੇ ਹਨ, ਉਸ ਨਸਲ ਦਾ ਵਾਧਾ ਰੁੱਕ ਜਾਂਦਾ ਹੈ, ਬੁੱਧੀ ਮੋਟੀ ਹੋ ਜਾਂਦੀ ਹੈ ਤੇ ਜ਼ਿੰਦਗੀ ਵਿਚੋਂ ਸੁਹਜ-ਸੁਆਦ ਘੱਟ ਜਾਂਦਾ। ਐਸੀ ਕੌਮ ਸੁਤੰਤਰ ਨਹੀਂ ਰਹਿ ਸਕਦੀ। ਜ਼ਰੂਰ ਕਿਸੇ ਦੂਜੀ ਕੌਮ ਦੀ ਗੁਲਾਮ ਬਣ ਜਾਂਦੀ ਹੈ। ਸੋ, ਦ੍ਰਿੜ ਕਰਨ ਵਾਲੀ ਗੱਲ ਇਹ ਹੈ ਕਿ ਨਵਾਂ ਸੋਚਣ ਤੇ ਕਰਨ ਵਿਚ ਹੀ ਜੀਵਨ ਦਾ ਨਿਵਾਰਣ ਹੈ। ਦੇਸ ਦੀ ਉੱਨਤੀ ਤਾਂ ਹੀ ਸੰਭਵ ਹੈ ਜੇ ਤੁਸੀਂ ਕੋਈ ਨਵਾਂ ਖ਼ਿਆਲ ਦੁਨੀਆਂ ਨੂੰ ਦਿਉ। ਕੋਈ ਨਵੀਂ ਕਾਢ ਕੱਢੋ, ਕੋਈ ਨਵਾਂ ਸੁਖ ਈਜਾਦ ਕਰੋ, ਕੋਈ ਨਵਾਂ ਮਾਰਗ ਲੱਭੋ, ਨਵੀਂ ਸੋਚ ਸੋਚੋ ਤੇ ਨਵੇਂ ਅਮਲ ਕਰੋ। 1x5=5

(i) **ਕਿਹੜੇ ਦੇਸ ਅਮੀਰ ਤੇ ਮਾਲੋਮਾਲ ਹੋ ਸਕਦੇ ਹਨ?** 1

(ੳ) ਜਿਸ ਦੇਸ ਦੇ ਲੋਕ ਆਪਣੇ ਆਪ ਲਈ ਕੁਝ ਨਵਾਂ ਸੋਚ ਸਕਦੇ ਹਨ।

(ਅ) ਜਿਸ ਦੇਸ ਦੇ ਲੋਕ ਕੀਤੇ ਹੋਏ ਕੰਮ ਦਾ ਦੁਹਰਾਉ ਕਰਦੇ ਹਨ।

(ੲ) ਜਿਸ ਦੇਸ ਦੇ ਲੋਕ ਹਜ਼ਾਰਾਂ ਸਾਲ ਪਹਿਲਾਂ ਕੀਤੇ ਕੰਮ ਨੂੰ ਚੰਗਾ ਸਮਝਦੇ ਹਨ।

(ਸ) ਜਿਸ ਦੇਸ ਦੇ ਲੋਕ ਹੱਥ ਉਪਰ ਹੱਥ ਰੱਖ ਕੇ ਬੈਠਦੇ ਹਨ।

(ii) **ਕੌਮ ਜਾਂ ਨਸਲ ਦੀ ਖੁਸ਼ਹਾਲੀ ਤੇ ਸਾਰਥਕਤਾ ਕਿਸ ਉਪਰ ਨਿਰਭਰ ਕਰਦੀ ਹੈ?** 1

(ੳ) ਵਾਰ ਵਾਰ ਇਕੋ ਹੀ ਕੰਮ ਕਰਨ ਉਪਰ।

(ਅ) ਉਨ੍ਹਾਂ ਦੀ ਮਾਨਸਕ ਅਵੱਸਥਾ ਉਪਰ।

FirstRanker.com
Firstranker's choice
www.FirstRanker.com www.FirstRanker.com

(ੲ) ਪਿਛਲੇ ਕੰਮਾਂ ਦੇ ਦੁਹਰਾਉ ਉਪਰ।

(ਸ) ਪੁਰਾਣੇ ਕੰਮਾਂ ਬਾਰੇ ਸੋਚਦੇ ਰਹਿਣ ਉੱਤੇ।

(iii) **ਕਿਹੜੀ ਕੌਮ ਜਾਂ ਨਸਲ ਸੁਤੰਤਰ ਨਹੀਂ ਰਹਿ ਸਕਦੀ?** 1

(ੳ) ਜਿਸ ਦੇ ਲੋਕ ਲਕੀਰ ਦੇ ਫਕੀਰ ਹੋ ਜਾਂਦੇ ਹਨ।

(ਅ) ਜਿਸ ਦੇ ਲੋਕ ਮੋਟੀ ਬੁੱਧੀ ਵਾਲੇ ਹੁੰਦੇ ਹਨ।

(ੲ) ਜਿਸ ਦੇ ਲੋਕ ਪਿਛਲੱਗ ਅਖਵਾਉਣ ਵਿਚ ਫ਼ਖਰ ਸਮਝਦੇ ਹਨ।

(ਸ) ਉਪਰੋਕਤ ਸਾਰੇ ਕਾਰਣ।

(iv) **ਜੀਵਨ ਦਾ ਨਿਵਾਰਣ ਕਿਸ ਵਿਚ ਹੈ?** 1

(ੳ) ਪੂਰਨੇ ਪਾਉਣ ਦੀ ਦਲੇਰੀ ਵਿਚ। (ਅ) ਨਵਾਂ ਸੋਚਣ ਤੇ ਕਰਨ ਵਿਚ।

(ੲ) ਮੋਹਰੀ ਬਣਨ 'ਤੇ ਘਬਰਾਉਣ ਵਿਚ। (ਸ) ਦੂਸਰਿਆਂ ਦਾ ਗੁਲਾਮ ਬਣਨ ਵਿਚ।

(v) **ਦੇਸ ਦੀ ਉੱਨਤੀ ਕਦੋਂ ਸੰਭਵ ਹੈ?** 1

(ੳ) ਨਵਿਆਂ ਨੂੰ ਛੱਡ ਪੁਰਾਣੇ 'ਤੇ ਅਮਲ ਕਰਨ ਵਿਚ

(ਅ) ਤਰੱਕੀ ਦੀਆਂ ਪਿਛਲੀਆਂ ਕਤਾਰਾਂ ਵਿਚ ਖੜ੍ਹੇ ਹੋਣ ਨਾਲ

(ੲ) ਦੂਜੇ ਦੇਸਾਂ ਨਾਲ ਲੜਣ ਵਿਚ

(ਸ) ਦੁਨੀਆਂ ਨੂੰ ਨਵਾਂ ਖਿਆਲ ਦੇਣ ਨਾਲ

**2.** ਹੇਠ ਲਿਖੀਆਂ ਕਾਵਿ-ਟੁਕੜੀਆਂ ਨੂੰ ਪੜ੍ਹਕੇ **ਕਿਸੇ ਇਕ** ਦੇ ਪੁੱਛੇ ਗਏ ਪ੍ਰਸ਼ਨਾਂ ਦੇ ਉੱਤਰ ਲਿਖੋ— 1x5=5

ਰੱਬਾ ਰੁੱਖਾਂ ਤੇ ਸਦਾ ਹੀ ਮਿਹਰ ਰੱਖੀਂ
ਇਹ ਖੜ੍ਹਦੇ ਵਿੱਚ ਹਨ੍ਹੇਰੀਆਂ ਨੇ
ਠੰਢੀਆਂ ਛਾਵਾਂ ਤੇ ਸਭ ਨੂੰ ਫਲ ਵੰਡਣ
ਨਾ ਇਹ ਮੇਰੀਆਂ ਤੇ ਨਾ ਇਹ ਤੇਰੀਆਂ ਨੇ
ਨਾਸ਼ੁਕਰੇ ਲੋਕਾਂ ਆਣ ਦੇਖੋ
ਆਰਾ ਚੁੱਕ ਆ ਰਾਹਾਂ ਘੇਰੀਆਂ ਨੇ।

(i) **ਕਵੀ ਪਰਮਾਤਮਾ ਨੂੰ ਰੁੱਖਾਂ ਉੱਤੇ ਕੀ ਰੱਖਣ ਲਈ ਕਹਿ ਰਿਹਾ ਹੈ?** 1

(ੳ) ਮਿਹਰ (ਅ) ਕਰੋਪੀ

(ੲ) ਪਿਆਰ (ਸ) ਛਾਂ

(ii) **ਹਨ੍ਹੇਰੀਆਂ ਵਿੱਚ ਕੌਣ ਖੜ੍ਹਦੇ ਹਨ?** 1

(ੳ) ਰੁੱਖ (ਅ) ਮਨੁੱਖ

(ੲ) ਪਸ਼ੂ (ਸ) ਇਹਨਾਂ ਵਿੱਚੋਂ ਕੋਈ ਨਹੀਂ



www.FirstRanker.com

| | | |
|---|---|---|
| (iii) | ਰੁੱਖ ਸਭ ਨੂੰ ਕੀ ਵੰਡਦੇ ਹਨ ? | 1 |
| | (ੳ) ਛਾਵਾਂ ਤੇ ਫਲ (ਅ) ਦੁੱਖ ਤੇ ਸੁੱਖ | |
| | (ੲ) ਪੈਸਾ ਤੇ ਸੋਨਾ (ਸ) ਜਮੀਨ ਤੇ ਜਾਇਦਾਦ | |
| (iv) | ਨਾਸ਼ੁਕਰੇ ਕਿੰਨਾਂ ਨੂੰ ਕਿਹਾ ਗਿਆ ਹੈ ? | 1 |
| | (ੳ) ਪੰਛੀਆਂ ਨੂੰ (ਅ) ਮਨੁੱਖਾਂ ਨੂੰ | |
| | (ੲ) ਰੁੱਖਾਂ ਨੂੰ (ਸ) ਇਹਨਾਂ ਵਿਚੋਂ ਕੋਈ ਨਹੀਂ | |
| (v) | ਮਨੁੱਖ ਨੇ ਕੀ ਚੁੱਕ ਕੇ ਰਾਹਾਂ ਘੇਰੀਆਂ ਹਨ ? | 1 |
| | (ੳ) ਆਰਾ (ਅ) ਬੰਦਾ | |
| | (ੲ) ਬੰਦੂਕ (ਸ) ਡਾਂਗ | |
| | **ਜਾਂ** | |
| | ਜੰਗ ਹਿੰਦ ਪੰਜਾਬ ਦਾ ਹੋਣ ਲੱਗਾ,<br>ਦੋਵੇਂ ਪਾਤਸ਼ਾਹੀ ਫ਼ੌਜਾਂ ਭਾਰੀਆਂ ਨੀ।<br>ਅੱਜ ਹੋਵੇ ਸਰਕਾਰ ਤਾਂ ਮੁੱਲ ਪਾਵੇ,<br>ਜਿਹੜੇ ਖਾਲਸੇ ਨੇ ਤੇਗਾਂ ਮਾਰੀਆਂ ਨੀ।<br>ਸਣੇ ਆਦਮੀ ਗੋਲਿਆਂ ਨਾਲ ਉੱਡਣ,<br>ਹਾਥੀ ਡਿੱਗਦੇ ਸਣੇ ਅੰਬਾਰੀਆਂ ਨੀ।<br>ਸ਼ਾਹ ਮੁਹੰਮਦਾ ਇਕ ਸਰਕਾਰ ਬਾਝੋਂ<br>ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ। | |
| (i) | ਜੰਗ ਦਾ ਅਰਥ ਹੈ— | 1 |
| | (ੳ) ਪਿਆਰ (ਅ) ਲੜਾਈ | |
| | (ੲ) ਕਬੱਡੀ (ਸ) ਗੁੱਸਾ | |
| (ii) | ਤੇਗਾਂ ਮਾਰਨੀਆਂ ਦਾ ਅਰਥ ਦੱਸੋ— | 1 |
| | (ੳ) ਡਰ ਜਾਣਾ (ਅ) ਭੱਜ ਜਾਣਾ | |
| | (ੲ) ਬਹਾਦਰੀ ਵਿਖਾਉਣਾ (ਸ) ਇਹਨਾਂ ਵਿੱਚੋਂ ਕੋਈ ਨਹੀਂ | |
| (iii) | ਜੰਗ ਕਿੰਨਾਂ ਵਿਚਕਾਰ ਹੋਣ ਲੱਗਾ— | 1 |
| | (ੳ) ਪਾਕਿ-ਚੀਨ (ਅ) ਪਾਕਿ-ਹਿੰਦ | |
| | (ੲ) ਹਿੰਦ-ਪੰਜਾਬ (ਸ) ਪੰਜਾਬ-ਪਾਕਿ | |
| (iv) | ਸ਼ਾਹ ਮੁਹੰਮਦ ਅਨੁਸਾਰ ਕਿਹੜੀਆਂ ਫੌਜਾਂ ਜਿੱਤ ਕੇ ਵੀ ਹਾਰ ਗਈਆਂ ਸਨ ? | 1 |
| | (ੳ) ਅੰਗ੍ਰੇਜ਼ਾਂ ਦੀ (ਅ) ਮਰਹੱਟਿਆਂ ਦੀ | |

www.FirstRanker.com

FirstRanker.com
Firstranker's choice
www.FirstRanker.com www.FirstRanker.com

| | | |
|---|---|---|
| | (ੲ) ਖਾਲਸੇ ਦੀ (ਸ) ਇਹਨਾਂ ਵਿੱਚੋਂ ਕੋਈ ਨਹੀਂ | |
| (ਹ) | **'ਬਾਝੋਂ' ਦਾ ਕੀ ਅਰਥ ਹੈ—**<br>(ੳ) ਪਹਿਲਾਂ (ਅ) ਬਿਨਾਂ<br>(ੲ) ਸਹਿਯੋਗ (ਸ) ਦੁਸ਼ਮਣੀ | 1 |
| | **ਵਿਆਕਰਨ** | 16 ਅੰਕ |
| **3.** | **ਸਮਾਸੀ ਸ਼ਬਦਾਂ** ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ— (**ਕੋਈ ਚਾਰ ਕਰੋ**) | 1x4=4 |
| (i) | **ਹੇਠ ਲਿਖਿਆਂ ਵਿੱਚੋਂ ਵਿਰੋਧੀ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ—**<br>(ੳ) ਸਾਫ਼-ਸੁਥਰਾ (ਅ) ਦੁੱਖ-ਸੁੱਖ<br>(ੲ) ਰਾਜ-ਸਭਾ (ਸ) ਨੇਤਰ-ਦਾਨ | 1 |
| (ii) | **ਹੇਠ ਲਿਖਿਆਂ ਵਿੱਚੋਂ ਸਮਾਨ ਅਰਥਾਂ ਵਾਲਾ ਸਮਾਸੀ ਸ਼ਬਦ ਚੁਣੋ—**<br>(ੳ) ਵੈਰ-ਵਿਰੋਧ (ਅ) ਗਰੀਬ-ਮਾਰ<br>(ੲ) ਜੱਗ-ਬੀਤੀ (ਸ) ਦੇਸ਼-ਭਗਤ | 1 |
| (iii) | **ਹੇਠ ਲਿਖਿਆਂ ਵਿੱਚੋਂ ਕਿਹੜਾ ਸਮਾਸੀ ਸ਼ਬਦ ਨਹੀਂ ਹੈ?**<br>(ੳ) ਉੱਚਾ-ਨੀਵਾਂ (ਅ) ਲੋਕ-ਗੀਤ<br>(ੲ) ਲਾਲ-ਸੂਹਾ (ਸ) ਰਾਮ ਭਜਨੀ | 1 |
| (iv) | **ਹੇਠ ਲਿਖਿਆਂ ਵਿੱਚੋਂ ਸਹੀ ਸਮਾਸੀ ਸ਼ਬਦ ਕਿਹੜਾ ਹੈ?**<br>(ੳ) ਨਵੀਂ-ਟੈਂਕੀ (ਅ) ਉੱਚੀ-ਉੱਚੀ<br>(ੲ) ਹਜ਼ਾਰ-ਲੀਟਰ (ਸ) ਕਾਫ਼ੀ-ਚਿਰ | 1 |
| (v) | **'ਹਰ ਇੱਕ ਦੇ ਮਨ ਨੂੰ ਪਿਆਰਾ ਲੱਗਣ ਵਾਲਾ'** ਲਈ ਕਿਹੜੇ ਸਮਾਸੀ ਸ਼ਬਦ ਦੀ ਵਰਤੋਂ ਕੀਤੀ ਜਾਵੇਗੀ?<br>(ੳ) ਹਰਮਨ-ਪਿਆਰਾ (ਅ) ਜਤੀ-ਸਤੀ<br>(ੲ) ਮਨ-ਮਾਨਾ (ਸ) ਇਹਨਾਂ ਵਿਚੋਂ ਕੋਈ ਨਹੀਂ | |
| **4.** | **ਬਹੁਅਰਥਕ** ਸ਼ਬਦਾਂ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ— (**ਕੋਈ ਚਾਰ ਕਰੋ**) | 1x4=4 |
| (i) | **ਬਹੁਅਰਥਕ ਸ਼ਬਦ ਕਿਸ ਨੂੰ ਕਹਿੰਦੇ ਹਨ?**<br>(ੳ) ਸਮਾਨ ਅਰਥਾਂ ਵਾਲੇ ਸ਼ਬਦਾਂ ਨੂੰ।<br>(ਅ) ਵਿਰੋਧੀ ਅਰਥਾਂ ਵਾਲੇ ਸ਼ਬਦਾਂ ਨੂੰ।<br>(ੲ) ਉਹ ਸ਼ਬਦ ਜੋ ਇੱਕ ਤੋਂ ਜਿਆਦਾ ਅਰਥ ਰੱਖਦੇ ਹੋਣ।<br>(ਸ) ਕਠਿਨ ਸ਼ਬਦਾਂ ਨੂੰ। | 1 |



www.FirstRanker.com

| | | |
|---|---|---|
| (ii) | ਦਿੱਤੇ ਗਏ ਵਾਕਾਂ ਦੇ ਖਾਲੀ ਥਾਵਾਂ ਵਿਚ ਚਾਰ ਬਹੁਅਰਥੀ ਸ਼ਬਦਾਂ ਵਿਚੋਂ ਸਹੀ ਸ਼ਬਦ ਲਿਖੋ ਤਾਂ ਕਿ ਵਾਕਾਂ ਦਾ ਅਰਥ ਸਪਸ਼ਟ ਹੋ ਜਾਵੇ— (1. ਉੱਤਰ 2. ਜਾਗ 3. ਵੱਟ . 4. ਡੰਗ)<br>(ੳ) ਦੁੱਧ ਨੂੰ ਜਮਾਉਣ ਲਈ...........ਲਾ ਦਿਓ।<br>(ਅ) ਰਾਤ ਬਾਰਾਂ ਵਜੇ ਮੇਰੀ..........ਖੁੱਲ ਗਈ।<br>(ੲ) ਆਪਣੇ ਹੱਕਾਂ ਪ੍ਰਤੀ ਲੋਕ ਹੁਣ............ਚੁੱਕੇ ਹਨ। | 1 |
| (iii) | 'ਉੱਤਰ' ਸ਼ਬਦ ਦਾ ਅਰਥ ਦਿੰਦਾ ਹੋਇਆ ਢੁੱਕਵਾਂ ਵਿਕਲਪ ਚੁਣੋ—<br>(ੳ) ਦਿਸ਼ਾ, ਜਵਾਬ (ਅ) ਕੰਡਾ, ਸੂਲ<br>(ੲ) ਪ੍ਰਸ਼ਨ, ਸਵਾਲ (ਸ) ਇਹਨਾਂ ਵਿਚੋਂ ਕੋਈ ਨਹੀਂ | 1 |
| (iv) | 'ਹੁਸ਼ਿਆਰ' ਸ਼ਬਦ ਦੇ ਹੋਰ ਕੀ-ਕੀ ਅਰਥ ਹੋ ਸਕਦੇ ਹਨ? ਸਹੀ ਵਿਕਲਪ ਦੀ ਚੋਣ ਕਰੋ—<br>(ੳ) ਗਹਿਣਾ, ਨਾਕਾਮਯਾਬੀ, ਮਾਲਾ (ਅ) ਚੌਥਾ ਹਿੱਸਾ, ਚਾਰ ਉਂਗਲਾਂ<br>(ੲ) ਦਾਨ, ਕਮਾਈ (ਸ) ਇਹਨਾਂ ਵਿਚੋਂ ਕੋਈ ਨਹੀਂ | 1 |
| (v) | ਬਹੁ ਅਰਥਕ ਸ਼ਬਦਾਂ ਦੇ ਅਰਥ ਲਈ ਸਹੀ ਵਿਕਲਪ ਚੁਣੋ—<br>(ੳ) ਬਹੁਤੇ ਸ਼ਬਦਾਂ ਦੇ ਬਹੁਤੇ ਅਰਥ (ਅ) ਬਹੁਤੇ ਸ਼ਬਦਾਂ ਦੇ ਸਮਾਨਾਰਥਕ ਸ਼ਬਦ<br>(ੲ) ਇੱਕ ਸ਼ਬਦ ਦੇ ਬਹੁਤੇ ਅਰਥ (ਸ) ਉਪਰੋਕਤ ਵਿਚੋਂ ਕੋਈ ਵੀ ਨਹੀਂ | 1 |
| **5.** | ਅਗੇਤਰ-ਪਿਛੇਤਰ ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ— (ਕੋਈ ਚਾਰ ਕਰੋ) | 1x4=4 |
| (i) | 'ਗੈਰਹਾਜ਼ਰ' ਸ਼ਬਦ ਵਿੱਚ ਅਗੇਤਰ ਦੱਸੋ—<br>(ੳ) ਹਾਜ਼ਰ<br>(ਅ) ਗੈਰ<br>(ੲ) ਗੈ<br>(ਸ) ਇਹਨਾਂ ਵਿਚੋਂ ਕੋਈ ਨਹੀਂ | 1 |
| (ii) | 'ਅਪ' ਅਗੇਤਰ ਵਾਲਾ ਕਿਹੜਾ ਸ਼ਬਦ ਠੀਕ ਹੈ—<br>(ੳ) ਅਪਸ਼ਬਦ<br>(ਅ) ਅਪਰਾਧ<br>(ੲ) ਆਪਣਾ<br>(ਸ) ਅਪਰਾਮ | 1 |
| (iii) | ਹੇਠ ਲਿਖੇ ਸ਼ਬਦਾਂ ਵਿਚੋਂ 'ਆਲੂ' ਪਿਛੇਤਰ ਵਾਲਾ ਅਸ਼ੁੱਧ ਸ਼ਬਦ ਦੱਸੋ—<br>(ੳ) ਸ਼ਰਧਾਲੂ<br>(ਅ) ਦਿਆਲੂ | 1 |

www.FirstRanker.com

(ੲ) ਝਗੜਾਲੂ

(ਸ) ਕਾਲੂ

(iv) **'ਮੰਦ' ਪਿਛੇਤਰ ਵਾਲਾ ਸਹੀ ਸ਼ਬਦ ਚੁਣੋ—** 1

(ੳ) ਅਕਲਮੰਦ

(ਅ) ਚੋਰਮੰਦ

(ੲ) ਕਰਮੰਦ

(ਸ) ਇਹਨਾਂ ਵਿਚੋਂ ਕੋਈ ਨਹੀਂ

(v) **'ਸ਼ਾਲਾ' ਪਿਛੇਤਰ ਵਾਲਾ ਸਹੀ ਸ਼ਬਦ ਚੁਣੋ—** 1

(ੳ) ਘਰਸ਼ਾਲਾ

(ਅ) ਕੁੱਕੜਸ਼ਾਲਾ

(ੲ) ਗਊਸ਼ਾਲਾ

(ਸ) ਇਹਨਾਂ ਵਿਚੋਂ ਕੋਈ ਨਹੀਂ ।

**6.** **ਮੁਹਾਵਰੇ** ਨਾਲ ਸੰਬੰਧਤ ਬਹੁਵਿਕਲਪੀ ਪ੍ਰਸ਼ਨ— (**ਕੋਈ ਚਾਰ ਕਰੋ**) 1x4=4

(i) ਹੜ੍ਹ ਦਾ ਪਾਣੀ ਏਨਾ ਤੇਜ਼ ਸੀ ਕਿ ਫਸਲ ਦਾ **ਕੁੱਝ ਨਾ ਰਿਹਾ।** ਲਕੀਰੇ ਸ਼ਬਦ ਲਈ ਢੁੱਕਵਾਂ ਮੁਹਾਵਰਾ ਚੁਣੋ—1

(ੳ) ਕੱਖ ਨਾ ਰਹਿਣਾ (ਅ) ਕੱਖ ਪੱਲੇ ਨਾ ਪਿਆ

(ੲ) ਕੱਖ ਦੂਹਰਾ ਨਾ ਕਰਨਾ (ਸ) ਇਹਨਾਂ ਵਿਚੋਂ ਕੋਈ ਨਹੀਂ।

(ii) **'ਕਿਨਾਰਾ ਕਰਨਾ'** ਮੁਹਾਵਰੇ ਦਾ ਭਾਵਅਰਥ ਦੱਸੋ— 1

(ੳ) ਪਾਸੇ ਹੋ ਜਾਣਾ (ਅ) ਮਨ੍ਹਾਂ ਕਰ ਦੇਣਾ

(ੲ) ਸੰਬੰਧ ਤੋੜ ਲੈਣਾ (ਸ) ਇਹਨਾਂ ਵਿਚੋਂ ਕੋਈ ਨਹੀਂ।

(iii) **'ਖਤਰਾ ਮੁੱਲ ਲੈਣਾ'** ਮੁਹਾਵਰੇ ਦਾ ਸਹੀ ਭਾਵਅਰਥ ਚੁਣੋ— 1

(ੳ) ਮੁਸ਼ਕਿਲ ਕੰਮ ਕਰਨਾ (ਅ) ਸੌਖਾ ਕੰਮ ਕਰਨਾ

(ੲ) ਲੜਾਈ ਕਰਨਾ (ਸ) ਛਾਲ ਮਾਰਨਾ

(iv) **'ਬੇਫ਼ਿਕਰ ਹੋ ਕੇ ਸੌਣ ਲਈ'** ਕਿਹੜੇ ਮੁਹਾਵਰੇ ਦੀ ਵਰਤੋ ਕੀਤੀ ਜਾਵੇਗੀ— 1

(ੳ) ਪ੍ਰੀਖਿਆ ਦੇ ਕੇ ਸੌਣਾ (ਅ) ਘੋੜੇ ਵੇਚ ਕੇ ਸੌਣਾ

(ੲ) ਮੱਝਾਂ ਵੇਚ ਕੇ ਸੌਣਾ (ਸ) ਇਹਨਾਂ ਵਿਚੋਂ ਕੋਈ ਨਹੀਂ।

(v) ਸਹੀ ਸ਼ਬਦ ਚੁਣ ਕੇ **ਮੁਹਾਵਰਾ** ਪੂਰਾ ਕਰੋ— '........**ਸਫੇਦ ਹੋਣਾ।**' 1

(ੳ) ਦੁੱਧ (ਅ) ਪਾਣੀ

(ੲ) ਖ਼ੂਨ (ਸ) ਇਹਨਾਂ ਵਿਚੋਂ ਕੋਈ ਨਹੀਂ।

| | ਪਾਠ ਪੁਸਤਕਾਂ ਤੇ ਅਧਾਰਿਤ | |
|---|---|---|
| **7.** | **ਕਹਾਣੀ** ਅਤੇ **ਵਾਰਤਕ** 'ਤੇ ਅਧਾਰਤ ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ **ਸਹੀ ਵਿਕਲਪ** ਚੁਣ ਕੇ ਆਪਣੀ ਉੱਤਰ ਪੁਸਤਿਕਾ ਵਿੱਚ ਲਿਖੋ— | 1x5=5 |
| **(i)** | **ਰਜਨੀ ਨੂੰ ਕਿਹੜੀ ਬਿਮਾਰੀ ਸੀ?**<br>(ੳ) ਟੀ.ਬੀ.ਦੀ (ਅ) ਹੈਜ਼ੇ ਦੀ<br>(ੲ) ਪੋਲੀਓ ਦੀ (ਸ) ਚੇਚਕ ਦੀ | 1 |
| **(ii)** | **ਮੀਨਾਕਸ਼ੀ ਦੇ ਮੰਮੀ ਪਾਪਾ ਉਸ ਨੂੰ ਕਿਸ ਗੱਲ ਤੋਂ ਰੋਕਦੇ ਸਨ?**<br>(ੳ) ਈਅਰ ਫੋਨ ਦੀ ਵਰਤੋ ਤੋਂ (ਅ) ਖੇਡਣ ਤੋਂ<br>(ੲ) ਫਿਲਮਾਂ ਵੇਖਣ ਤੋਂ (ਸ) ਪੜ੍ਹਨ ਤੋਂ | 1 |
| **(iii)** | **ਅਰਚਨਾ ਚੋਪੜਾ ਕਿਹੜੇ ਫਲੋਰ ਤੇ ਰਹਿੰਦੀ ਸੀ?**<br>(ੳ) ਦੂਜੇ ਤੇ (ਅ) ਪਹਿਲੇ ਤੇ<br>(ੲ) ਤੀਜੇ ਫਲੋਰ ਤੇ (ਸ) ਚੌਥੇ ਤੇ | 1 |
| **(iv)** | **ਬੱਚੇ ਦਾ ਹੱਥ ਕਿਸ ਨੇ ਤੋੜਿਆ ਸੀ?**<br>(ੳ) ਮੰਮੀ ਨੇ (ਅ) ਪਾਪਾ ਨੇ<br>(ੲ) ਭਰਾ ਨੇ (ਸ) ਭੈਣ ਨੇ | 1 |
| **(v)** | **ਲੇਖਕ ਨੇ ਮਨੁੱਖੀ ਊਰਜਾ ਦੀ ਤੁਲਨਾ ਕਿਸ ਨਾਲ ਕੀਤੀ ਹੈ?**<br>(ੳ) ਅੱਗ ਨਾਲ (ਅ) ਤੇਲ ਨਾਲ<br>(ੲ) ਨਲਕੇ ਨਾਲ (ਸ) ਪਾਣੀ ਨਾਲ | 1 |
| **8.** | **ਇਕਾਂਗੀ** ਅਤੇ **ਜੀਵਨੀ** 'ਤੇ ਅਧਾਰਤ ਹੇਠ ਲਿਖੇ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਈ **ਸਹੀ ਵਿਕਲਪ** ਚੁਣ ਕੇ ਆਪਣੀ ਉੱਤਰ ਪੁਸਤਿਕਾ ਵਿੱਚ ਲਿਖੋ— | 1x5=5 |
| **(i)** | **'ਬੇਬੇ ਰਾਮ ਭਜਨੀ' ਇਕਾਂਗੀ ਅਨੁਸਾਰ ਬੇਬੇ ਰਾਮ ਭਜਨੀ ਦੇ ਪਤੀ ਦਾ ਨਾਂ ਦੱਸੋ।**<br>(ੳ) ਰਾਮ ਦਾਸ (ਅ) ਸ਼ਾਮ ਦਾਸ<br>(ੲ) ਹਰਨਾਮ ਦਾਸ (ਸ) ਕਰਤਾਰ ਦਾਸ | 1 |
| **(ii)** | **ਜੁਆਰੀਏ ਕਿੱਥੋਂ ਆਏ ਸਨ?**<br>(ੳ) ਦਿੱਲੀਓ (ਅ) ਚੰਡੀਗੜ੍ਹੋਂ<br>(ੲ) ਅੰਮ੍ਰਿਤਸਰੋਂ (ਸ) ਹਿਮਾਚਲੋਂ | 1 |

**(iii) ਉੱਡਣਾ ਸਿੱਖ — ਮਿਲਖਾ ਸਿੰਘ ਪਾਠ ਦੇ ਲੇਖਕ ਦਾ ਕੀ ਨਾਂ ਹੈ?** 1

(ੳ) ਸੁਨੀਲ ਕੁਮਾਰ (ਅ) ਰਣਜੀਤ ਸਿੰਘ

(ੲ) ਬਲਵਿੰਦਰ ਸਿੰਘ (ਸ) ਪ੍ਰਕਾਸ਼ ਸਿੰਘ ਗਿੱਲ

**(iv) ਡਾ. ਏ.ਪੀ.ਜੇ. ਅਬੁੱਦਲ ਕਲਾਮ ਭਾਰਤ ਦੇ ਕਿੰਨਵੇਂ ਰਾਸ਼ਟਰਪਤੀ ਸਨ?** 1

(ੳ) ਪਹਿਲੇ (ਅ) ਬਾਰ੍ਹਵੇਂ

(ੲ) ਤੀਜੇ (ਸ) ਗਿਆਰ੍ਹਵੇਂ

**(v) ਬੀਬੀ ਭਾਨੀ ਜੀ ਦੇ ਪਿਤਾ ਜੀ ਦਾ ਕੀ ਨਾਂ ਸੀ?** 1

(ੳ) ਗੁਰੂ ਨਾਨਕ ਦੇਵ ਜੀ (ਅ) ਗੁਰੂ ਅਮਰਦਾਸ ਜੀ

(ੲ) ਗੁਰੂ ਅੰਗਦ ਦੇਵ ਜੀ (ਸ) ਗੁਰੂ ਅਰਜਨ ਦੇਵ ਜੀ

**9.** ਹੇਠ ਲਿਖੀਆਂ ਕਾਵਿ ਟੁਕੜੀਆਂ ਨੂੰ ਪੜ੍ਹਕੇ **ਕਿਸੇ ਇੱਕ** ਦੇ ਹੇਠਾਂ ਦਿੱਤੇ ਗਏ ਬਹੁਵਿਕਲਪੀ ਪ੍ਰਸ਼ਨਾਂ ਦੇ ਉੱਤਰ ਲਿਖੋ— **1x4=4**

ਗਊ, ਗਰੀਬ ਤੇ ਔਰਤ ਦੀ ਕਰੋ ਰਾਖੀ,
ਜ਼ਬਰ-ਜ਼ੁਲਮ ਦੇ ਕਦੀ ਨਹੀਂ ਰਾਹ ਪੈਣਾ।
ਲਾਲਚ ਵਿੱਚ ਆ ਧੀਆਂ ਵੇਚਣਾ ਨਾ,
ਮੂੰਹੋਂ ਮੰਗ ਕੇ ਕਦੇ ਨਾ ਦਾਜ ਲੈਣਾ।

**(i) ਉਪਰੋਕਤ ਪੈਰੇ ਵਿੱਚ ਕਿਸਦੀ ਰਾਖੀ ਕਰਨ ਲਈ ਕਿਹਾ ਗਿਆ ਹੈ?** 1

(ੳ) ਆਦਮੀ, ਔਰਤ, ਬੱਚੇ (ਅ) ਅੰਨੇ, ਲੰਗੜੇ, ਤੋਤਲੇ

(ੲ) ਅਮੀਰ, ਗਰੀਬ, ਜਾਨਵਰ (ਸ) ਗਊ, ਗਰੀਬ, ਔਰਤ

**(ii) ਸਾਨੂੰ ਕਿਹੜੇ ਰਾਹ ਨਹੀਂ ਪੈਣਾ ਚਾਹੀਦਾ? ਉਪਰਕੋਤ ਪੈਰੇ ਨੂੰ ਪੜ੍ਹਕੇ ਹੇਠ ਲਿਖੇ ਵਿਕਲਪਾਂ ਵਿਚੋਂ ਸਹੀ ਉੱਤਰ ਚੁਣੋ—** 1

(ੳ) ਰੇਤੀਲੇ (ਅ) ਹਰੇ-ਭਰੇ

(ੲ) ਜ਼ਬਰ-ਜ਼ੁਲਮ (ਸ) ਚੰਗਿਆਈ

**(iii) ਲਾਲਚ ਵਿੱਚ ਆ ਕੇ ਕਿਸਨੂੰ ਨਹੀਂ ਵੇਚਣਾ ਚਾਹੀਦਾ? ਉਪਰੋਕਤ ਪੈਰੇ ਅਨੁਸਾਰ ਦੱਸੋ—** 1

(ੳ) ਗਊ (ਅ) ਧੀਆਂ

(ੲ) ਗਰੀਬਾਂ (ਸ) ਜ਼ੁਲਮ

**(iv) ਕਦੇ ਵੀ ਮੂੰਹੋਂ ਮੰਗ ਕੇ ਕੀ ਨਹੀਂ ਲੈਣਾ ਚਾਹੀਦਾ?** 1

(ੳ) ਧੀਆਂ (ਅ) ਦਾਜ

(ੲ) ਔਰਤ (ਸ) ਰਾਖੀ

FirstRanker.com
Firstranker's choice
www.FirstRanker.com www.FirstRanker.com

**ਜਾਂ**

ਗੁੰਮ ਨੇ ਰਸੋਈ ਵਿਚੋਂ ਚਾਟੀਆਂ ਮਧਾਣੀਆਂ
ਬਰਗਰਾਂ ਤੇ ਪੀਜਿਆਂ ਨੇ ਪੱਟੀਆਂ ਸੁਆਣੀਆਂ
ਏ.ਸੀ. ਕੂਲਰਾਂ ਦੇ ਹੁਣ ਹੋ ਗਏ ਮੁਥਾਜ ਨੇ
ਜਿਹੜਿਆਂ ਜਵਾਨਾਂ ਹਿੱਕਾਂ ਲੂਆਂ 'ਚ ਸੀ ਤਾਣੀਆਂ
ਖੁਰਲੀ ਤੋਂ ਵਹਿੜਕੇ ਬਲਦ ਕਿੱਥੇ ਤੁਰ ਗਏ
ਕਿੱਥੇ ਗਏ ਕਿੱਲੀਆਂ ਤੋਂ ਘੁੰਗਰੂ ਪਰਾਣੀਆਂ?

(i) **ਚਾਟੀਆਂ ਮਧਾਣੀਆਂ ਕਿੱਥੋਂ ਗੁੰਮ ਹੋ ਗਈਆਂ ਹਨ?** 1

(ੳ) ਹੋਟਲ ਵਿੱਚੋਂ (ਅ) ਸਕੂਲ ਵਿੱਚੋਂ
(ੲ) ਰਸੋਈ ਵਿੱਚੋਂ (ਸ) ਸਟੇਸ਼ਨ ਵਿੱਚੋਂ

(ii) **ਬਰਗਰਾਂ ਤੇ ਪੀਜਿਆਂ ਨੇ ਕਿਸ ਨੂੰ ਪੱਟ ਦਿੱਤਾ ਹੈ?** 1

(ੳ) ਵੇਟਰਾਂ ਨੂੰ (ਅ) ਡਰਾਈਵਰਾਂ ਨੂੰ
(ੲ) ਸੁਆਣੀਆਂ ਨੂੰ (ਸ) ਕਿਸਾਨਾਂ ਨੂੰ

(iii) **ਅਸੀਂ ਕਿਸ ਚੀਜ਼ ਦੇ ਮੁਥਾਜ ਹੋ ਗਏ ਹਾਂ?** 1

(ੳ) ਫੈਸ਼ਨਾਂ ਦੇ (ਅ) ਏ.ਸੀ. ਕੂਲਰਾਂ ਦੇ
(ੲ) ਤਾਕਤ ਦੇ (ਸ) ਜਹਾਜਾਂ ਦੇ

(iv) **ਵਹਿੜਕੇ ਕਿੱਥੋਂ ਤੁਰ ਗਏ ਹਨ?** 1

(ੳ) ਖੇਤ ਤੋਂ (ਅ) ਵਾੜੇ ਤੋਂ
(ੲ) ਨਹਿਰ ਤੋਂ (ਸ) ਖੁਰਲੀ ਤੋਂ

## ਭਾਗ ਅ

## ਵਰਨਣਾਤਮਕ ਪ੍ਰਸ਼ਨ

**ਪਾਠ ਪੁਸਤਕਾਂ ਤੇ ਅਧਾਰਿਤ** 26

**10.** ਹੇਠ ਲਿਖੇ ਪ੍ਰਸ਼ਨਾਂ ਵਿਚੋਂ **ਕੋਈ ਸੱਤ** ਪ੍ਰਸ਼ਨਾਂ ਦੇ ਉੱਤਰ 20-25 **ਸ਼ਬਦਾਂ** ਵਿੱਚ ਲਿਖੋ— 2x7=14

(ੳ) 'ਗਉੜੀ ਬੈਰਾਗਣਿ ਮ.੩' ਕਵਿਤਾ ਦੇ ਅਧਾਰ ਤੇ ਦੱਸੋ ਕਿ 'ਮਨਮੁਖਿ' ਕਿਸ ਨੂੰ ਕਿਹਾ ਗਿਆ ਹੈ?
(ਅ) ਦੋਰੀ ਡੰਡੇ ਦੀ ਵਰਤੋਂ ਕਿਸ ਲਈ ਹੁੰਦੀ ਹੈ? 'ਗੁੰਮ ਨੇ ਰਸੋਈ' ਕਵਿਤਾ ਦੇ ਅਧਾਰ ਤੇ ਦੱਸੋ।
(ੲ) ਮਿਲਖਾ ਸਿੰਘ ਨੂੰ 'ਉਡਣਾ ਸਿੱਖ' ਦਾ ਖਿਤਾਬ ਕਦੋਂ ਤੇ ਕਿੱਥੇ ਮਿਲਿਆ?
(ਸ) ਡਾ. ਅਬਦੁੱਲ ਕਲਾਮ ਦੇ ਧਰਮ ਬਾਰੇ ਕੀ ਵਿਚਾਰ ਸਨ?
(ਹ) ਲੋਕ ਗੀਤ ਕਿਸ ਨੂੰ ਆਖਦੇ ਹਨ?


www.FirstRanker.com

| | | |
|---|---|---|
| (ਕ) | ਬੱਚੇ ਦਾ ਹੱਥ ਕਿਸ ਨੇ ਤੇ ਕਿਉਂ ਤੋੜਿਆ ਸੀ? ਪਾਠ 'ਹੈਂਕੜ ਅਤੇ ਹਉਮੈ' ਦੇ ਆਧਾਰ ਤੇ ਦੱਸੋ। | |
| (ਖ) | ਊਰਜਾ ਮਨੁੱਖ ਅੰਦਰ ਕਿਹੋ ਜਿਹੀ ਭੂਮਿਕਾ ਨਿਭਾ ਸਕਦੀ ਹੈ? ਪਾਠ 'ਕਲਾਤਮਕ ਰੁਚੀਆਂ ਪ੍ਰਕਿਰਤੀ ਅਤੇ ਪਹਿਚਾਣ' ਦੇ ਅਧਾਰ ਤੇ ਦੱਸੋ। | |
| (ਗ) | ਸਖ਼ਤ ਗਰਮੀ ਵਿੱਚ ਕੰਮ ਕਰਨ ਵਾਲੇ ਕਿਸ ਦੇ ਮੁਥਾਜ ਹੋ ਗਏ ਹਨ? | |
| (ਘ) | ਵਿਆਹ ਕਿਸ ਦਾ ਟੁੱਟ ਗਿਆ ਸੀ ਤੇ ਕਿਉਂ? ਪਾਠ 'ਹੈਂਕੜ ਅਤੇ ਹਉਮੈ ਦੀ ਮਾਰ' ਦੇ ਆਧਾਰ ਤੇ ਦੱਸੋ। | |
| (ਙ) | ਮਿਲਖਾ ਸਿੰਘ ਨੇ ਕਿੰਨੇ ਦੌੜ ਮੁਕਾਬਲਿਆਂ ਵਿੱਚ ਹਿੱਸਾ ਲਿਆ ਅਤੇ ਕਿੰਨੇ ਮੁਕਾਬਲਿਆਂ ਵਿੱਚ ਜਿੱਤ ਹਾਸਲ ਕੀਤੀ? | |
| **11.** | ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਕਿਸੇ ਇੱਕ** ਪ੍ਰਸ਼ਨ ਦਾ ਉੱਤਰ 40-50 **ਸ਼ਬਦਾਂ** ਵਿੱਚ ਲਿਖੋ— | 1x3=3 |
| | ਡਾ. ਅਬਦੁੱਲ ਕਲਾਮ ਦੀ ਰਹਿਣੀ-ਬਹਿਣੀ ਕਿਹੋ ਜਿਹੀ ਸੀ? ਉਸ ਬਾਰੇ ਦੱਸੋ। | |
| | **ਜਾਂ** | |
| | 'ਕਲਾਤਮਕ ਰੁਚੀਆਂ' ਪਾਠ ਦੇ ਆਧਾਰ ਤੇ ਦੱਸੋ ਕਿ ਭਾਸ਼ਾਗਤ ਬੁੱਧੀ ਦੀ ਕੀ ਪਛਾਣ ਹੁੰਦੀ ਹੈ? | |
| **12.** | ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਕਿਸੇ ਇੱਕ** ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਦਿਓ—<br>ਬੀਬੀ ਭਾਨੀ ਜੀ ਦੇ ਮੁੱਢਲੇ ਜੀਵਨ ਤੇ ਰੌਸ਼ਨੀ ਪਾਓ। | 1x3=3 |
| | **ਜਾਂ**. | |
| | ਮੁਟਿਆਰਾਂ ਕਿਹੋ ਜਿਹੇ ਗੀਤ ਗਾਉਂਦੀਆਂ ਹਨ ਤੇ ਕਿਸ ਤਰ੍ਹਾਂ ਦਾ ਜੀਵਨ ਜਿਉਂਦੀਆਂ ਹਨ? ਪਾਠ 'ਪੰਜਾਬ ਦੇ ਲੋਕਗੀਤ' ਦੇ ਅਧਾਰ ਤੇ ਦੱਸੋ। | |
| **13.** | ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਕਿਸੇ ਇੱਕ** ਪ੍ਰਸ਼ਨ ਦਾ ਉੱਤਰ 40-50 **ਸ਼ਬਦਾਂ** ਵਿੱਚ ਦਿਓ—<br>'ਬੇਬੇ ਰਾਮ ਭਜਨੀ' ਦਾ ਚਰਿੱਤਰ ਇਕਾਂਗੀ ਦੇ ਅਧਾਰ ਤੇ ਆਪਣੇ ਸ਼ਬਦਾਂ ਵਿੱਚ ਲਿਖੋ। | 1x3=3 |
| | **ਜਾਂ** | |
| | ਰਜਨੀ ਨੇ ਸੱਪ ਨੂੰ ਕਿਵੇਂ ਕਾਬੂ ਕੀਤਾ? ਕਹਾਣੀ 'ਮੈਂ ਕਿਸੇ ਤੋਂ ਘੱਟ ਨਹੀਂ' ਦੇ ਅਧਾਰ ਤੇ ਲਿਖੋ। | |
| **14.** | ਹੇਠ ਲਿਖੇ ਪ੍ਰਸ਼ਨਾਂ ਵਿੱਚੋਂ **ਕਿਸੇ ਇੱਕ** ਪ੍ਰਸ਼ਨ ਦਾ ਉੱਤਰ 40-50 ਸ਼ਬਦਾਂ ਵਿੱਚ ਲਿਖੋ— | 1x3=3 |
| | ਇਕਾਂਗੀ ਬੇਬੇ ਰਾਮ ਭਜਨੀ ਦੇ ਵਿਸ਼ੇ ਵਸਤੂ ਬਾਰੇ ਆਪਣੇ ਵਿਚਾਰ ਲਿਖੋ। | |
| | **ਜਾਂ** | |
| | 'ਈਅਰ ਫੋਨ' ਕਹਾਣੀ ਵਿੱਚ ਹਾਦਸਾ ਵਾਪਰਨ ਦਾ ਮੁੱਖ ਕਾਰਣ ਕੀ ਸੀ? ਇਸ ਬਾਰੇ ਵਿਸਤਾਰ ਸਹਿਤ ਲਿਖੋ। | |

www.FirstRanker.com

| | | |
|---|---|---|
| | **ਪ੍ਰਭਾਵਸ਼ਾਲੀ ਲਿਖਣ ਕੌਸ਼ਲ** | |
| **15.** | ਹੇਠ ਲਿਖੇ ਤਿੰਨ ਵਿਸ਼ਿਆਂ ਵਿਚੋਂ **ਕਿਸੇ ਇਕ** ਵਿਸ਼ੇ ਤੇ 100 ਤੋਂ 150 ਸ਼ਬਦਾਂ ਦਾ ਲੇਖ ਦਿੱਤੇ ਗਏ ਨੁਕਤਿਆਂ ਦੇ ਆਧਾਰ ਤੇ ਲਿਖੋ— | 5 |
| (ੳ) | **ਇੱਕ ਭਾਰਤ ਸ਼੍ਰੇਸ਼ਠ ਭਾਰਤ**<br>**ਨੁਕਤੇ —** * ਭੂਮਿਕਾ * ਵਿਭਿੰਨਤਾਵਾਂ *ਵਿਸ਼ੇਸ਼ਤਾਵਾਂ * ਸਾਡੀ ਅਤੇ ਸਰਕਾਰ ਦੀ ਭੂਮਿਕਾ * ਸਿੱਟਾ | |
| | **ਜਾਂ** | |
| (ਅ) | **ਵੈਸ਼ਵਿਕ ਮਹਾਂਮਾਰੀ ਕੋਵਿਡ-19**<br>**ਨੁਕਤੇ —** * ਵੈਸ਼ਵਿਕ ਮਹਾਂਮਾਰੀ ਦਾ ਅਰਥ * ਕੋਵਿਡ 19 ਦੀ ਸ਼ੁਰੂਆਤ * ਸਾਰੇ ਸੰਸਾਰ ਨੂੰ ਲਪੇਟ ਵਿੱਚ ਲੈਣਾ * ਮਾਰੂ (ਬੁਰੇ) ਪ੍ਰਭਾਵ * ਬਚਾਅ ਅਤੇ ਇਲਾਜ | |
| | **ਜਾਂ** | |
| (ੲ) | **ਨਾਨਕ ਦੁਖੀਆ ਸਭ ਸੰਸਾਰ**<br>**ਨੁਕਤੇ —** * ਭੂਮਿਕਾ * ਦੁੱਖਾਂ ਦਾ ਕਾਰਨ * ਸੰਸਾਰ ਦੁੱਖਾਂ ਦਾ ਘਰ * ਦੁੱਖਾਂ ਤੋਂ ਬਚਣ ਦੇ ਉਪਾਅ * ਸਿੱਟਾ | |
| **16.** | ਹੇਠ ਲਿਖੇ ਦੋ ਵਿਸ਼ਿਆਂ ਵਿੱਚੋਂ **ਕਿਸੇ ਇਕ** ਵਿਸ਼ੇ ਤੇ ਦਿੱਤੇ ਗਏ ਨੁਕਤਿਆਂ ਦੀ ਮਦਦ ਨਾਲ ਪੱਤਰ ਲਿਖੋ—5 | |
| | ਦਿੱਲੀ ਦੇ ਸਿਹਤ ਅਤੇ ਪਰਿਵਾਰ ਕਲਿਆਣ ਵਿਭਾਗ ਦੇ ਡਾਇਰੈਕਟਰ ਨੂੰ ਇਲਾਕੇ ਵਿੱਚ ਕੋਰੋਨਾ ਮਹਾਂਮਾਰੀ ਦੇ ਵੱਧ ਰਹੇ ਮਰੀਜਾਂ ਦੀ ਸੂਚਨਾ ਦਿਓ ਅਤੇ ਲੋੜੀਂਦੇ ਪ੍ਰਬੰਧ ਕਰਨ ਲਈ ਪੱਤਰ ਲਿਖੋ।<br>**ਨੁਕਤੇ** — * ਪਤਾ ਅਤੇ ਮਿਤੀ * ਸੰਬੋਧਨੀ ਭਾਗ * ਵਿਸ਼ਾ ਵਸਤੂ * ਅੰਤਲਾ ਭਾਗ | |
| | **ਜਾਂ** | |
| | ਵਿਦੇਸ਼ ਵਿੱਚ ਰਹਿੰਦੇ ਆਪਣੇ ਛੋਟੇ ਭਰਾ ਨੂੰ ਮਾੜੀ ਸੰਗਤ ਤੋਂ ਬਚਣ ਲਈ ਸੁਝਾਅ ਦਿਓ।<br>**ਨੁਕਤੇ —** * ਪਤਾ ਅਤੇ ਮਿਤੀ * ਸੰਬੋਧਨੀ ਭਾਗ * ਵਿਸ਼ਾ ਵਸਤੂ * ਅੰਤਲਾ ਭਾਗ | |
| **17.** | ਤੁਸੀਂ ਆਪਣਾ ਟਿਊਸ਼ਨ ਸੈਂਟਰ ਖੋਲ੍ਹਿਆ ਹੈ, ਉਸ ਸੰਬੰਧੀ **ਆਕਰਸ਼ਕ ਇਸ਼ਤਿਹਾਰ** ਕਰੋ। | 4 |
| | **ਜਾਂ** | |
| | ਤੁਸੀਂ ਆਪਣਾ ਘਰ ਕਿਰਾਏ ਤੇ ਦੇਣਾ ਚਾਹੁੰਦੇ ਹੋ, ਉਸ ਬਾਰੇ **ਆਕਰਸ਼ਕ ਇਸ਼ਤਿਹਾਰ** ਤਿਆਰ ਕਰੋ। | |
| | **ਜਾਂ** | |
| | | |

www.FirstRanker.com

FirstRanker.com
Firstranker's choice
www.FirstRanker.com www.FirstRanker.com

ਹੇਠਾਂ ਦਿੱਤੀ **ਤਸਵੀਰ** ਸੰਬੰਧੀ ਲਗ-ਭਗ 50 ਸ਼ਬਦਾਂ ਵਿੱਚ ਆਪਣੇ ਵਿਚਾਰ ਲਿਖੋ।



**ਨੋਟ — ਤਸਵੀਰ ਵਾਲੇ ਪ੍ਰਸ਼ਨ ਦੀ ਥਾਂ ਇਹ ਪ੍ਰਸ਼ਨ ਸਿਰਫ਼ ਨੇਤਰਹੀਣ ਵਿਦਿਆਰਥੀਆਂ ਲਈ ਹੈ।**

ਕੋਰੋਨਾ ਮਹਾਂਮਾਰੀ ਕਾਰਨ ਹੋਏ ਲਾਕਡਾਊਨ (ਤਾਲਾਬੰਦੀ) ਦੌਰਾਨ ਆਪਣੇ ਅਨੁਭਵ ਨੂੰ 50 ਸ਼ਬਦਾਂ ਵਿੱਚ ਸਾਂਝੇ ਕਰੋ।

www.FirstRanker.com



www.FirstRanker.com